# ਸੰਤਹ ਚਰਨ ਮਾਥਾ ਮੇਰੋ ਪਉਤ

ਰਾਮਕਲੀ ਮਹਲਾ ੫ ॥

ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ ॥

ਸੰਗਤਿ ਕਰਤ ਸੰਤੋਖੁ ਮਨਿ ਪਾਇਆ ॥

ਸੰਤਹ ਚਰਨ ਮਾਥਾ ਮੇਰੋ ਪਉਤ ॥

ਅਨਿਕ ਬਾਰ ਸੰਤਹ ਡੰਡਉਤ ॥੧॥

– ਇਸ ਸ਼ਬਦ ਵਿਚ ਰਾਮਕਲੀ ਰਾਗ ਵਿਚ ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਗੁਰੂ ਨਾਲ ਭੇਟਣ ਦੇ ਨਾਲ, ਭਾਵ, ਪੂਰਣ ਮਿਲਾਪ ਜਾਂ ਉਸ ਅੰਦਰ ਸਮਾਅ ਜਾਣ ਨਾਲ ਪਾਰਬ੍ਰਹਮ, ਚਿਤ ਵਿਚ, ਮਨ ਵਿਚ ਵਸ ਜਾਂਦਾ ਹੈ, ਜੋ ਸਭ ਤੋਂ ਵਡੀ ਪ੍ਰਾਪਤੀ ਹੈ।
ਪਾਤਸ਼ਾਹ, ੭੧ ਪੰਨੇ ਤੇ ਵੀ, ਫ਼ੁਰਮਾਣ ਕੀਤਾ ਹੈ, ਪਰ ਸਾਧੂ ਦੀ ਸੰਗਤ ਉਦੋਂ ਪ੍ਰਾਪਤ ਹੁੰਦੀ ਹੈ ਜਦੋਂ ਪਾਰਬ੍ਰਹਮ ਕਿਰਪਾ ਕਰਦਾ ਹੈ ਅਤੇ ਜਿਵੇਂ ਜਿਵੇਂ ਇਹ ਸੰਗਤ ਕਰਨੀ ਵਧਾਈ ਜਾਈਏ ਤਿਉਂ ਤਿਉਂ ਵਾਹਗੁਰੂ ਦੇ ਨਾਮ ਦਾ ਰੰਗ ਵਧਦਾ ਜਾਂਦਾ ਹੈ – 'ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ।। ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ।।' (In other words, the increase of flush of colour, of being imbued in Naam, is directly proportional to the increase of company of the Sadhu.) ਭਗਤ ਕਬੀਰ ਜੀ ਨੇ ਵੀ ਫ਼ੁਰਮਾਣ ਕੀਤਾ ਹੈ ਕਿ ਸੰਤ ਦਾ ਮਾਰਗ ਕਦੇ ਨਹੀਂ ਛਡਣਾ ਚਾਹੀਦਾ, ਕਿਉਂਕਿ ਸਾਧੂ ਦੇ ਦਰਸ਼ਨ ਮਾਤਰ ਨਾਲ ਅਤਿ ਪਵਿਤਰ ਹੋ ਜਾਈਦਾ ਹੈ ਅਤੇ ਭੇਟਣ ਨਾਲ ਨਾਮ ਸਿਮਰਣ ਚਲ ਪੈਂਦਾ ਹੈ – 'ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ।। ਪੇਖਤ ਹੀ ਪੁਨੀਤ ਹੋਇ ਭੇਟਤ ਜਪੀਐ ਨਾਉ।।'
– ਸਾਧੂ ਦੀ ਸੰਗਤ ਕਰਨ ਨਾਲ, ਮਨ ਅੰਦਰ ਸੰਤੋਖ ਆ ਜਾਂਦਾ ਹੈ ਭਾਵ ਤ੍ਰਿਸ਼ਨਾ ਨਹੀਂ ਰਹਿੰਦੀ।

ਤ੍ਰਿਸ਼ਨਾ ਹੀ ਸਭ ਦੁਖਾਂ ਦਾ ਮੂਲ ਹੈ।
ਸ੍ਰੀ ਗੁਰੂ ਨਾਨਕ ਸਾਹਿਬ, ੬੨ ਪੰਨੇ ਤੇ, ਬਚਨ ਕਰਦੇ ਹਨ ਕਿ ਜੋ ਕੋਈ ਇਸ ਰਸਤੇ ਦਾ ਪਾਂਧੀ, ਕਿਸੇ ਸਾਧੂ ਦੀ ਸੰਗਤਿ ਕਰਦਾ ਹੈ ਉਸ ਦੇ ਹਿਰਦੇ ਵਿਚ, ਗੁਰੂ ਨੂੰ ਪ੍ਰੇਮ ਕਰਣ ਕਰਕੇ, ਸੰਤੋਖ ਵਸ ਜਾਂਦਾ ਹੈ – 'ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ।।'
ਪੰਚਮ ਪਾਤਸ਼ਾਹ, ੫੦੩ ਪੰਨੇ ਤੇ, ਦਸਦੇ ਹਨ ਕਿ ਸਾਧੂ ਦੀ ਸੰਗਤ ਕਰਨ ਨਾਲ ਮਨ ਖਿੜ ਜਾਂਦਾ ਹੈ ਅਤੇ ਮਾੜੀ ਮਤ, ਬੁਧੀ ਦਾ ਤਿਆਗ ਹੋ ਜਾਂਦਾ ਹੈ – 'ਕਵਲ ਪ੍ਰਗਾਸ ਭਏ ਸਾਧ ਸੰਗੇ ਦੁਰਮਤਿ ਬੁਧਿ ਤਿਆਗੀ।।'
– ਮੇਰਾ ਮੱਥਾ ਹਮੇਸ਼ਾ ਸੰਤ ਦੇ ਚਰਨਾਂ ਤੇ ਪਿਆ ਰਹੇ।
ਪਾਤਸ਼ਾਹ ੧੯੧ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਉਹ ਮੱਥਾ ਸਫ਼ਲ ਹੋ ਜਾਂਦਾ ਹੈ ਜੋ ਸੰਤ ਜਨ ਦੇ ਚਰਣਾਂ ਤੇ ਨਮਸਕਾਰ ਕਰਦਾ ਹੈ ਅਤੇ ਇਸ ਤੋਂ ਇਲਾਵਾ, ਉਹ ਚਰਣ ਅਤਿ ਪਵਿਤਰ ਹਨ ਜੋ ਹਰੀ ਪ੍ਰਭੂ ਦੇ ਮਿਲਾਪ ਦੇ ਮਾਰਗ ਤੇ ਚਲਦੇ ਹਨ – 'ਸਫਲ ਓਹੁ ਮਾਥਾ ਸੰਤ ਨਮਸਕਾਰਸਿ।। ਚਰਣ ਪੁਨੀਤ ਚਲਹਿ ਹਰਿ ਮਾਰਗਿ।।' ਪੰਚਮ ਪਾਤਸ਼ਾਹ ਵੀ, ੧੩੦੩ ਪੰਨੇ ਤੇ, ਇਹੀ ਬਚਨ ਕਰਦੇ ਹਨ ਕਿ ਸੰਤ ਜਨਾਂ ਦੇ ਚਰਣਾਂ ਨੂੰ ਮੇਰਾ ਮੱਥਾ ਛੋਹੇ ਤਾਂ ਜੁ ਇਸ ਛੋਹ ਸਦਕਾ, ਪ੍ਰਭੂ ਕਿਰਪਾ ਕਰ ਕੇ ਮੇਰੇ ਹਿਰਦੇ ਵਿਚ ਵਸ ਜਾਏ – 'ਕਰਿ ਕਿਰਪਾ ਪ੍ਰਭ ਰਿਦੈ ਬਸੇਰੋ।। ਚਰਨ ਸੰਤਨ ਕੈ ਮਾਥਾ ਮੇਰੋ।।'
ਮੱਥਾ ਟੇਕਣ ਦਾ ਭਾਵ ਪੂਰਣ ਆਤਮ ਸਮਰਪਣ ਦੇ ਨਾਲ ਨਾਲ ਇਹ ਵੀ ਕਿ, ਇਸ ਤਰ੍ਹਾਂ ਮੈਂ ਹਮੇਸ਼ਾ ਉਸ ਸਾਧੂ ਦੇ ਬਚਨ ਜਾਂ ਇਛਾ/ਖੁਸ਼ੀ ਨੂੰ ਖਿੜੇ ਮੱਥੇ ਸਵੀਕਾਰ ਕਰਦਾ/ਕਰਦੀ ਰਹਾਂ। ਕਿਉਂਕਿ – 'ਸਤਿਗੁਰ ਬਚਨ ਤੁਮਾਰੇ।। ਨਿਰਗੁਣ ਨਿਸਤਾਰੇ।।' , ਭਾਵ, ਸਾਧੂ ਦੇ ਬਚਨ ਮੰਨਣ ਨਾਲ ਗੁਣ ਹੀਣ ਵਿਅਕਤੀ ਦਾ ਵੀ ਪਾਰ ਉਤਾਰਾ ਹੋ ਜਾਂਦਾ ਹੈ। ਇਸ ਦੀ ਵਿਆਖਿਆ ਪਿਛਲੇ ਸ਼ਬਦ ਵਿਚ ਆ ਚੁਕੀ ਹੈ।
– ਅਨੇਕਾਂ ਵੇਰ, ਭਾਵ, ਵਾਰ ਵਾਰ ਮੈਂ ਉਸਨੂੰ ਡੰਡਉਤ ਕਰਾਂ ਭਾਵ ਪੂਰਣ ਆਤਮ ਸਮਰਪਣ ਕਰ ਦਿਆਂ।੧।

## ਇਹੁ ਮਨੁ ਸੰਤਨ ਕੈ ਬਲਿਹਾਰੀ ॥

## ਜਾ ਕੀ ਓਟ ਗਹੀ ਸੁਖੁ ਪਾਇਆ ਰਾਖੇ ਕਿਰਪਾ ਧਾਰੀ ॥੧॥ ਰਹਾਉ ॥

– ਮੇਰਾ ਇਹ ਮੰਨ ਸੰਤ ਤੋਂ ਕੁਰਬਾਨ ਜਾਂਦਾ ਹੈ, ਪਾਤਸ਼ਾਹ, ੩੯੫ ਪੰਨੇ ਤੇ, ਵੀ ਸੰਤਾਂ ਤੇ ਬਲਿਹਾਰ ਜਾਂਦੇ ਹਨ ਜਿਨ੍ਹਾਂ ਦੀ ਕਿਰਪਾ ਨਾਲ ਪ੍ਰਭੂ ਮਨ ਵਿਚ ਵਸ ਜਾਂਦਾ ਹੈ – 'ਬਲਿਹਾਰੀ ਤਿਸੁ ਸੰਤ ਪਿਆਰੇ ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ।।'

– ਉਹ ਗੁਰੂ, ਜਿਸ ਦੀ ਓਟ ਜਾਂ ਆਸਰਾ ਲੈਣ ਨਾਲ ਪਰਮੇਸ਼ਰ ਪ੍ਰਾਪਤੀ ਤਕ ਦਾ ਸੁਖ ਪ੍ਰਾਪਤ ਹੋ ਜਾਂਦਾ ਹੈ ਅਤੇ ਉਹ ਆਪਣੀ ਕਿਰਪਾ ਨਾਲ ਜਨਮ ਮਰਨ ਤੋਂ ਰਖ ਲੈਂਦਾ ਹੈ ਭਾਵ ਬਚਾ ਲੈਂਦਾ ਹੈ।੧।ਰਹਾਉ।

ਪਾਤਸ਼ਾਹ ਦਸਦੇ ਹਨ ਕਿ ਸੰਤਾਂ ਦੇ ਚਰਣ, ਇਸ ਭਵਜਲ ਸੰਸਾਰ ਸਾਗਰ ਤੋਂ ਪਾਰ ਕਰਵਾਉਣ ਵਾਲਾ ਜਹਾਜ਼ (ਬੋਹਿਥ, Ship) ਹੁੰਦੇ ਹਨ ਅਤੇ ਇਸ ਪ੍ਰਕਿਰਿਆ ਦਾ ਢੰਗ ਸੰਤ ਆਪ ਹੀ ਜਾਣਦੇ ਹਨ। ਜਿਸ ਜਿਸ ਨੂੰ ਵੀ ਕਿਰਪਾ ਕਰਕੇ ਆਪਣੇ ਸੰਗਿ ਰਖ ਲੈਂਦੇ ਹਨ, ਉਹ, ਉਹ ਭਵਸਾਗਰ ਤੋਂ ਪਾਰ ਹੋ ਜਾਂਦੇ ਹਨ – 'ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ।। ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ।।'

## ਸੰਤਹ ਚਰਣ ਧੋਇ ਧੋਇ ਪੀਵਾ ॥

## ਸੰਤਹ ਦਰਸੁ ਪੇਖਿ ਪੇਖਿ ਜੀਵਾ ॥

## ਸੰਤਹ ਕੀ ਮੇਰੈ ਮਨਿ ਆਸ ॥

## ਸੰਤ ਹਮਾਰੀ ਨਿਰਮਲ ਰਾਸਿ ॥੨॥

– ਇਸ ਕਰਕੇ ਮੈਂ ਸੰਤ ਦੇ ਚਰਣ ਧੋ ਧੋ ਕੇ ਪੀਆਂ,

ਸੁਖਮਨੀ ਸਾਹਿਬ ਵਿਚ ਵੀ ਪਾਤਸ਼ਾਹ, ਸਾਧੂ ਦੇ ਚਰਣ ਧੋ ਕੇ ਪੀਣ ਅਤੇ ਉਸ ਨੂੰ ਆਪਣਾ ਹਿਰਦਾ, ਮਨ ਅਰਪਣ ਕਰਣ ਬਾਰੇ ਫ਼ੁਰਮਾਣ ਕਰਦੇ ਹਨ – 'ਚਰਨ ਸਾਧ ਕੇ ਧੋਇ ਧੋਇ ਪੀਉ।। ਅਰਪ ਸਾਧ ਕਉ ਅਪਨਾ ਜੀਉ।।'

– ਅਤੇ ਉਸੇ ਸਾਧੂ ਦਾ ਦਰਸ਼ਨ ਦੇਖ ਦੇਖ ਕੇ ਜੀਆਂ,

ਪਾਤਸ਼ਾਹ, ੯੯ ਪੰਨੇ ਤੇ, ਸੰਤ ਜਨਾਂ ਤੋਂ ਦਰਸ਼ਨਾਂ ਦੀ ਵਸਤ ਮੰਗਦੇ ਹਨ ਜਿਸ ਨਾਲ ਸਰੀਰ ਰੂਪੀ ਭਵਨ ਅਤਿ ਪਵਿਤਰ ਹੋ ਜਾਂਦਾ ਹੈ ਤੇ ਦਰਸ਼ਨ ਪਾਉਣ ਵਾਲੇ ਦਾ ਆਤਮਾ ਦਾ ਕਰੜਾ ਕਿਲਾ ਜਿਤਿਆ ਜਾਂਦਾ ਹੈ – 'ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ।।ਕਰਉ ਬਿਨੰਤੀ ਮਾਨੁ ਤਿਆਗਉ।।... ਦਰਸਨਿ ਤੇਰੇ ਭਵਨ ਪੁਨੀਤਾ।। ਆਤਮ ਗੜੁ ਬਿਖਮੁ ਤਿਨਾ ਹੀ ਜੀਤਾ।।'

– ਹਰ ਵਕਤ ਮੈਂਨੂੰ ਉਸ ਸਾਧੂ ਦੀ ਆਸ ਲਗੀ ਰਹਿੰਦੀ ਹੈ।

ਆਸ ਇਹ ਕਿ ਸਾਧੂ ਦੀ ਸੰਗਤਿ ਸਦਕਾ ਮੈਂਨੂੰ ਪ੍ਰਭੂ ਗੁਰੂ ਦੀ ਪ੍ਰਾਪਤੀ ਹੋਏਗੀ, ਇਸ ਲਈ ਸੰਤ ਜਨਾਂ ਦੇ ਚਰਣਾਂ ਦੀ ਧੂੜ ਬਣ ਜਾਵਾਂ ਅਤੇ ਇੰਵ ਜਨਮ ਮਰਨ ਦਾ ਦੁਖ ਕਟਿਆ ਜਾਏਗਾ। ਇਹੀ ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ – 'ਭਾਈ ਰੇ ਸੰਤ ਜਨਾ ਕੀ ਰੇਣੁ।। ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ।।'

– ਸੰਤ ਹੀ ਮੇਰੀ ਅਸਲ, ਵਿਕਾਰਾਂ ਰਹਿਤ, ਪੂੰਜੀ ਦਾ ਸੋਮਾ ਹੈ।੨।

ਸਾਧੂ ਪੁਰਖ ਦੀ ਪ੍ਰਾਪਤੀ, ਭਗਤ ਜਨਾਂ ਨੂੰ ਹੁੰਦੀ ਹੈ ਜਿਥੋਂ ਨਾਮ ਧਨ ਦੀ ਪੂੰਜੀ ਪ੍ਰਾਪਤ ਹੋਣ ਨਾਲ ਤ੍ਰਿਸ਼ਨਾ ਆਦਿ ਦੀ ਨਵਿਰਤੀ ਹੋ ਜਾਂਦੀ ਹੈ – 'ਸਾਧੂ ਪੁਰਖ ਸਾਧ ਜਨ ਪਾਏ ਇਕ ਬਿਨਉ ਕਰਉ ਗੁਰ ਪਿਆਰੇ।। ਰਾਮ ਨਾਮੁ ਧਨੁ ਪੂਜੀ ਦੇਵਹੁ ਸਭੁ ਤਿਸਨਾ ਭੂਖ ਨਿਵਾਰੇ।।' ਸ੍ਰੀ ਗੁਰੂ ਅਰਜਨ ਸਾਹਿਬ ਵੀ ਸੰਤ ਜਨਾਂ ਵਲੋਂ ਪ੍ਰਾਪਤ ਪੂੰਜੀ ਬਾਰੇ ਦਸਦੇ ਹਨ – 'ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ।।'ਪੰਨਾ ੬੧੪.

**ਸੰਤ ਹਮਾਰਾ ਰਾਖਿਆ ਪੜਦਾ ॥**

**ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ ॥**

**ਸੰਤਹ ਸੰਗੁ ਦੀਆ ਕਿਰਪਾਲ ॥**

**ਸੰਤ ਸਹਾਈ ਭਏ ਦਇਆਲ ॥੩॥**

– ਸੰਤ ਜੀ ਨੇ ਮੈਨੂੰ ਵਾਹਿਗੁਰੂ ਦੇ ਦਰਬਾਰ ਵਿਚ ਪੱਤ ਲੁਟੀ ਜਾਣ ਤੋ ਬਚਾ ਲਿਆ, ਭਾਵ ਨਹੀਂ ਤਾਂ ਅਸੀਂ ਧਰਮਰਾਜ ਦੇ ਦਰਬਾਰ ਵਿਚ, ਆਪਣੇ ਮਾੜੇ ਕੀਤੇ ਕਰਮਾਂ ਕਰਕੇ, ਨੰਗੇ ਕੀਤੇ ਜਾਂਦੇ ਹਾਂ।
੧੧੧੭ ਪੰਨੇ ਤੇ ਵੀ, ਪਾਤਸ਼ਾਹ ਦਸਦੇ ਹਨ ਕਿ ਉਨ੍ਹਾਂ ਦੇ ਗੁਰੂ ਨੇ ਉਨ੍ਹਾਂ ਦਾ ਪੜਦਾ ਢਕ ਲਿਆ ਹੈ – 'ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ।।'
– ਸੰਤ ਦੀ ਕਿਰਪਾ ਸਦਕਾ ਹੁਣ ਮੈਂਨੂੰ ਇਸ ਸਭ ਦਾ ਰਤਾ ਜਿੰਨਾਂ ਵੀ ਫ਼ਿਕਰ ਨਹੀਂ ਰਿਹਾ।
– ਸੰਤ ਨੇ , ਮੈਂਨੂੰ, ਆਪਣੀ ਕਿਰਪਾ ਕਰਕੇ, ਹਰੀ ਪ੍ਰਭੂ ਮਿਲਾ ਦਿਤਾ ਹੈ। ਭਗਤ ਨਾਮਦੇਵ ਜੀ ਇਸ ਗਲ ਦੀ ਗਵਾਹੀ ਭਰਦੇ ਹਨ – 'ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ।।' ਪੰਨਾ ੪੮੬.
– ਸੰਤ ਦਇਆਲ ਹੋ ਕੇ ਮੇਰੇ ਸਹਾਈ ਹੋਏ ਹਨ।੩।
ਪਾਤਸ਼ਾਹ, ੧੩੬ ਪੰਨੇ ਤੇ, ਦਸਦੇ ਹਨ ਕਿ ਸੰਤ, ਰਾਮ ਪ੍ਰਭੂ ਨਾਲ ਮੇਲ ਕਰਾਉਣ ਲਈ ਸਹਾਈ ਹੁੰਦੇ ਹਨ – 'ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ।।'

**ਸੁਰਤਿ ਮਤਿ ਬੁਧਿ ਪਰਗਾਸੁ ॥**

**ਗਹਿਰ ਗੰਭੀਰ ਅਪਾਰ ਗੁਣਤਾਸੁ ॥**

**ਜੀਅ ਜੰਤ ਸਗਲੇ ਪ੍ਰਤਿਪਾਲ ॥**

**ਨਾਨਕ ਸੰਤਹ ਦੇਖਿ ਨਿਹਾਲ ॥੪॥੧੦॥੨੧॥**

– ਸਾਧੂ ਦੀ ਸੁਰਤਿ ਵਿਚ, ਮਤ ਵਿਚ ਅਤੇ ਬੁਧੀ ਵਿਚ ਗਿਆਨ ਰੂਪੀ ਚਾਨਣ ਹੁੰਦਾ ਹੈ, ਭਾਵ, ਇਸ ਕਰਕੇ ਉਹ ਹਮੇਸ਼ਾ ਸਹੀ ਹੁੰਦਾ ਹੈ।
ਸ੍ਰੀ ਗੁਰੂ ਨਾਨਕ ਸਾਹਿਬ ਜਪੁ ਬਾਣੀ ਵਿਚ ਇਹੀ ਸਚਿਆਈ ਦਸਦੇ ਹਨ ਕਿ ਮੰਨਣ ਨਾਲ ਸੁਰਤੀ ਪਰਮਾਤਮਾ ਦੇ ਨਾਮ ਵਿਚ ਰੰਗੀ ਜਾਂਦੀ ਹੈ ਅਤੇ ਮਨ ਦਾ ਆਪਣੇ ਤੇ ਕੰਟਰੋਲ ਹੋ ਜਾਂਦਾ ਹੈ ਅਤੇ ਬੁਧੀ ਸ਼ੁਧ ਹੋ ਜਾਂਦੀ ਹੈ। ਸਾਰੇ ਭਵਣਾਂ ਦੀ (ਤਿੰਨੇ ਲੋਕਾਂ ਦੀ) ਸੋਝੀ ਹੋ ਜਾਂਦੀ ਹੈ, ਇਤਿ ਆਦਿ – 'ਮੰਨੈ ਸੁਰਤਿ ਹੋਵੈ ਮਨਿ

ਬੁਧਿ।। ਮੰਨੈ ਸਗਲ ਭਵਣ ਕੀ ਸੁਧਿ।।..........' ਇਹ, ਇਨ੍ਹਾਂ ਚਾਰੇ ਪਉੜੀਆਂ (੧੨ ਵੀਂ ਤੋਂ ੧੫ ਵੀਂ ਪਉੜੀਆਂ) ਵਿਚ ਦਸੀਆਂ ਸਾਰੀਆਂ ਪ੍ਰਾਪਤੀਆਂ ਸਾਧੂ ਦੀ ਸੰਗਤਿ ਅਤੇ ਕਿਰਪਾ ਬਿਨਾਂ, ਹਰ ਹਾਲ ਵਿਚ, ਅਸੰਭਵ ਹਨ।

– ਸੰਤ ਗਹਿਰੇ ਹੁੰਦੇ ਹਨ, ਭਾਵ, ਜੋ ਉਹ ਕਰ ਰਹੇ ਹੁੰਦੇ ਹਨ ਉਸ ਪਿਛੇ ਹਮੇਸ਼ਾਂ ਕੋਈ ਡੂੰਘਾ ਕਾਰਣ ਹੁੰਦਾ ਹੈ, ਬਹੁਤੀ ਵੇਰ ਤਾਂ ਉਹਨਾਂ ਦੇ ਬਚਨ ਸਮਝ ਹੀ ਨਹੀਂ ਆਉਂਦੇ ਅਤੇ ਕਈ ਵੇਰ ਅਸੀਂ ਜਾਣ ਕੇ ਸਮਝਣ ਤੋਂ ਮੁਨਕਰ ਜਾਂ ਮਚਲੇ ਵੀ ਹੋ ਜਾਂਦੇ ਹਾਂ।

ਉਹ ਗੰਭੀਰ ਹੁੰਦੇ ਹਨ ਅਰਥਾਤ ਵੇਖਣ ਨੂੰ ਉਨ੍ਹਾਂ ਦਾ, ਗਲ ਕਹਿਣ ਦਾ ਅੰਦਾਜ਼, ਭਾਵੇਂ, ਹਾਸੇ ਵਾਲਾ ਜਾਂ ਸਾਦਾ ਜਿਹਾ ਜਾਂ ਗ਼ੈਰ-ਜ਼ਰੂਰੀ ਹੀ (Non serious) ਲਗੇ, ਪਰ ਉਹ ਅਸਲ ਵਿਚ ਗੰਭੀਰਤਾ ਨਾਲ ਜਾਂ seriously ਕਹਿ ਰਹੇ ਹੁੰਦੇ ਹਨ। ਪਰ ਮੂਰਖ ਮਨੁਖੀ ਮਨ ਗੰਭੀਰਤਾ ਨਾਲ ਨਹੀਂ ਲੈਂਦਾ। ਸੰਤ, ਅਪਾਰ ਗੁਣਾਂ ਦੇ ਖ਼ਜ਼ਾਨੇ ਵੀ ਹੁੰਦੇ ਹਨ।

– ਉਹ ਸਾਰੇ ਜੀਆਂ ਜੰਤਾਂ ਦੀ ਪ੍ਰਤਿਪਾਲਣਾ ਕਰਨ ਵਾਲੇ ਹੁੰਦੇ ਹਨ। ਸ੍ਰੀ ਗੁਰੂ ਰਾਮਦਾਸ ਸਾਹਿਬ ਦਸਦੇ ਹਨ ਕਿ ਅਜਿਹੇ ਜਨਾਂ ਦੀ ਬਰਕਤ ਨਾਲ ਅਸੰਖ ਕਰੋੜਾਂ ਜੀਵਾਂ ਨੂੰ ਰਿਜ਼ਕ ਮਿਲਦਾ ਹੈ – '... ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ।।'

– ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਉਹ ਤਾਂ ਸੰਤਾਂ ਦੇ ਦਰਸ਼ਨਾਂ ਮਾਤਰ ਨਾਲ ਹੀ ਨਿਹਾਲ ਹੋ ਜਾਂਦੇ ਹਨ।੪।੧੦।੨੧।

ਪਾਤਸ਼ਾਹ, ੫੧੯ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਭਗਤ ਜਨ ਦੇ ਦਰਸ਼ਨਾਂ ਨਾਲ ਜਗ ਨਿਹਾਲ ਹੋ ਜਾਂਦਾ ਹੈ ਅਤੇ ਉਸਦੀ ਸੰਗਤ ਨਾਲ ਮਨੁਖ ਪਾਪਾਂ ਦੀ ਮੈਲ ਧੋ ਲੈਂਦਾ ਹੈ – 'ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ।। ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ।।'

Last modified: 14 May 2020